# ਅਕਾਦਮਿਕ ਸਾਲ 2024-25

## ਵਿਸ਼ਾ- ਫਿਲਾਸਫੀ

## ਸ਼੍ਰੇਣੀ - ਬਾਰ੍ਹਵੀਂ

## ਮਾਡਲ ਟੈਸਟ ਪੇਪਰ

**ਸਮਾਂ- 3 ਘੰਟੇ** **ਥਿਊਰੀ - 80 ਅੰਕ**

ਭਾਗ (ੳ) 15x 1 = 15

1. **ਬਹੁਵਿਕਲਪੀ ਪ੍ਰਸ਼ਨ :-**

(i) ਆਦਰਸ਼ਵਾਦ ਅਨੁਸਾਰ ਸਮਾਜ ਬਣਾਉਂਦੇ ਹਨ:

(ੳ) ਵਿਚਾਰ (ਅ) ਵਿਸ਼ਵਾਸ (ੲ) ਕਦਰਾਂ ਕੀਮਤਾਂ (ਸ)ਸਾਰੇ ਹੀ

(ii) ਆਦਰਸ਼ਵਾਦ ਬਾਰੇ ਕਿਹੜਾ ਕਥਨ ਸਹੀ ਹੈ:-

(ੳ) ਆਦਰਸ਼ਵਾਦ ਅਤੇ ਭੌਤਿਕਵਾਦ ਇੱਕ ਸਮਾਨ ਹਨ।

(ਅ) ਆਦਰਸ਼ਵਾਦ ਭੌਤਿਕਵਾਦ ਦਾ ਵਿਪਰੀਤ ਰੂਪ ਪੇਸ਼ ਕਰਦਾ ਹੈ।

(ੲ) ਆਦਰਸ਼ਵਾਦ ਪਦਾਰਥਵਾਦੀ ਵਿਚਾਰਧਾਰਾ ਦਾ ਹਮਾਇਤੀ ਹੈ।

(ਸ) ਆਦਰਸ਼ਵਾਦ ਅਨੁਸਾਰ ਮਨੁੱਖੀ ਵਿਚਾਰਾਂ ਦੀ ਸਮਾਜ ਵਿੱਚ ਕੋਈ ਥਾਂ ਨਹੀਂ ਹੈ।

(iii) Subjective idealism ਨਾਲ ਕੌਣ ਸਬੰਧਤ ਹੈ ?

(ੳ) ਜਾਰਜ ਮੀਡ (ਅ) ਮੈਕਾਈਵਰ (ੲ) ਜਾਰਜ ਬ੍ਰਕਲੇ (ਸ) ਦੁਰਖਾਇਮ

(iv) ਇਹਨਾਂ ਵਿੱਚੋਂ ਕਿਹੜਾ ਮਨੁੱਖੀ ਸਮਝ ਦਾ ਦਾਰਸ਼ਨਿਕ ਅਧਿਐਨ ਹੈ?

(ੳ) Epislemology (ਅ) Sociology (ੲ) Ethnology (ਸ) Meniology

(v) ਇਹਨਾਂ ਵਿੱਚੋਂ ਕਿਹੜਾ theories of Truth ਨਾਲ ਸਬੰਧਿਤ ਨਹੀਂ ਹੈ:-

(ੳ) correspondence theory (ਅ) Semanatic theory (ੲ) Deflationary theory (ਸ) Action theory

(vi)ਵਿਗਿਆਨਿਕ ਵਿਧੀ ਦੀ ਮੁੱਖ ਵਿਸ਼ੇਸ਼ਤਾ ਕਿਹੜੀ ਹੈ?

(ੳ) Objectivity (ਅ) validity (ੲ) Testability (ਸ) ਸਾਰੇ ਹੀ

(vii)ਚੰਗੀ ਪਰਿਕਲਪਨਾ ਦੀਆਂ ਵਿਸ਼ੇਸ਼ਤਾਵਾਂ ਹਨ:-

(ੳ) Testable (ਅ) Logical (ੲ) Specific and Clear (ਸ) ਸਾਰੇ ਹੀ

(viii) Universal Appirmative and Universal Negative ਕਿਸ ਦੀਆਂ ਕਿਸਮਾਂ ਹਨ।

(ੳ) Preposition (ਅ) Sentence (ੲ) Word (ਸ) ਸਾਰੇ ਹੀ

(ix) ਹੇਠ ਲਿਖਿਆਂ ਵਿੱਚੋਂ ਕਿਹੜੀ Explanation ਦੀ ਕਿਸਮ ਹੈ?

(ੳ) Functional (ਅ) Psychological (ੲ) Historical (ਸ) ਸਾਰੇ ਹੀ

(x) ਕਰਮਯੋਗ ਦਾ ਸਿਧਾਂਤ ਕਿਸ ਨਾਲ ਸੰਬੰਧਿਤ ਹੈ?

(ੳ) ਭਗਵਤ ਗੀਤਾ (ਅ) ਰਮਾਇਣ (ੲ) ਪੁਰਾਣ (ਸ) ਰਿਗਵੇਦ

(xi)ਭਗਵਤ ਗੀਤਾ ਦਾ ਉਚਾਰਨ ਕਿਸ ਧਰਤੀ ਤੇ ਹੋਇਆ ਸੀ?

(ੳ) ਪਾਣੀਪਤ (ਅ) ਕੁਰਕਸ਼ੇਤਰ (ੲ) ਸੋਨੀਪਤ (ਸ) ਸਰਹਿੰਦ

(xii) 'ਸਰਬੱਤ ਦਾ ਭਲਾ' ਸੰਕਲਪ ਕਿਸ ਧਰਮ ਨਾਲ ਸੰਬੰਧਿਤ ਹੈ?

(ੳ) ਸਿੱਖ (ਅ) ਇਸਾਈ (ੲ) ਪਾਰਸੀ (ਸ) ਬੁਧ

'(xiii) ਸੰਗਤ ਤੇ ਪੰਗਤ ' ਕਿਹੜੇ ਧਰਮ ਦੀਆਂ ਮੁੱਖ ਸੰਸਥਾਵਾਂ ਹਨ ?

(ੳ) ਸਿੱਖ (ਅ) ਇਸਾਈ (ੲ) ਪਾਰਸੀ (ਸ) ਬੁਧ

(xiv) (ੳ) ਸਿੱਖ ਧਰਮ ਵਿੱਚ ਇੱਕ ਹੀ ਰਸੋਈ ਵਿੱਚ ਬਣਿਆ ਭੋਜਨ ਇੱਕ ਹੀ ਪੰਗਤ ਵਿੱਚ ਬਿਨਾਂ ਕਿਸੇ ਭੇਦ ਭਾਵ ਤੋਂ ਇਕੱਠੇ ਬੈਠ ਕੇ ਛਕਿਆ ਜਾਂਦਾ ਹੈ ਤਾਂ ਇਸ ਨੂੰ ਲੰਗਰ ਕਹਿੰਦੇ ਹਨ।

(ਅ) ਲੰਗਰ ਦੀ ਸੰਸਥਾ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ।

(ੳ) ਕੇਵਲ ੳ ਸਹੀ ਹੈ। (ਅ) ਕੇਵਲ ਅ ਸਹੀ ਹੈ। (ੲ) ਦੋਵੇਂ ੳ ਤੇ ਅ ਸਹੀ ਹਨ । (ਸ) ਕੋਈ ਵੀ ਸਹੀ ਨਹੀਂ।

(xv) Objective idealism ਨਾਲ ਕੌਣ ਸਬੰਧਤ ਹੈ ?

(ੳ) ਜਾਰਜ ਮੀਡ (ਅ) ਮੈਕਾਈਵਰ (ੲ) ਜਾਰਜ ਬ੍ਰਕਲੇ (ਸ) ਦੁਰਖਾਇਮ

**ਭਾਗ (ਅ)** 5x 1 = 5

(i) ਭਗਵਤ ਗੀਤਾ ਦਾ ਉਚਾਰਨ --------- ਦੁਆਰਾ ਕੀਤਾ ਗਿਆ।

(ii) ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ।(ਸਹੀ/ਗ਼ਲਤ)

(iii) ਬ੍ਰਕਲੇ ਦਾ ਸਬੰਧ ਪਦਾਰਥਵਾਦੀ ਵਿਚਾਰਧਾਰਾ ਨਾਲ ਹੈ।(ਸਹੀ/ਗ਼ਲਤ)

(iv) ਵਰਗ ਸੰਘਰਸ਼ ਦਾ ਸਿਧਾਂਤ ਕਾਰਲ ਮਾਰਕਸ ਨੇ ਦਿੱਤਾ ਸੀ।

(v) ਸ੍ਰੀ ਭਗਵਤ ਗੀਤਾ ਦੇ ਸਲੋਕਾਂ ਦਾ ਉਚਾਰਨ ਸ੍ਰੀ ਰਾਮ ਚੰਦਰ ਜੀ ਦੁਆਰਾ ਕੀਤਾ ਗਿਆ। (ਸਹੀ/ਗ਼ਲਤ)

ਭਾਗ -(ੲ) 10+5=15

**ਇਸ ਪੈਰੇ ਨੂੰ ਪੜ੍ਹੋ ਤੇ ਹੇਠ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ ਦਿਓ :-** **2x5=10 ਅੰਕ**

ਗੀਤਾ ਦਾ ਕਰਮਯੋਗ ਦਾ ਸਿਧਾਤ ਬਹੁਤ ਪ੍ਰਸਿੱਧ ਹੈ। ਇਸ ਦਾ ਵਰਣਨ ਦੂਜੇ ਤੀਜੇ, ਚੌਥੇ ਆਦਿ ਅਨੇਕ ਅਧਿਆਇਆਂ ਵਿੱਚ ਮਿਲਦਾ ਹੈ। ਇਸ ਕਰਮਯੋਗ ਨੂੰ ਨਿਸਕਾਮ ਕਰਮਯੋਗ, ਅਨਾਸਕਤੀਯੋਗ ਆਦਿ ਵੀ ਕਿਹਾ ਗਿਆ ਹੈ। ਇਸ ਕਰਮਯੋਗ ਦਾ ਭਾਵ ਇਹ ਹੈ ਕਿ ਈਸਵਰ ਨੇ ਜਾਂ ਕੁਦਰਤ ਨੇ ਮਨੁੱਖ ਨੂੰ ਕੇਵਲ ਕਰਮ ਦਾ ਅਧਿਕਾਰ ਦਿੱਤਾ ਹੈ, ਫਲ ਦਾ ਅਧਿਕਾਰ ਈਸ਼ਵਰ ਜਾਂ ਪ੍ਰਕ੍ਰਿਤੀ ਦੇ ਅਧੀਨ ਹੈ। ਇਸ ਲਈ ਗਿਆਨੀ ਵਿਅਕਤੀ ਉਹੀ ਹੁੰਦਾ ਹੈ ਜੋ ਬਿਨਾਂ ਫਲ ਦੀ ਇੱਛਾ ਤੋਂ ਕਰਮ ਕਰਦਾ ਹੈ। ਅੱਜ-ਕੱਲ੍ਹ ਦੇ ਭੌਤਿਕਵਾਦੀ ਮਨੁੱਖ ਫਲ ਨੂੰ ਸਾਮ੍ਹਣੇ ਰੱਖ ਕੇ ਕਰਮ ਕਰਦੇ ਹਨ ਅਤੇ ਫਲ ਦੀ ਪ੍ਰਾਪਤੀ ਵਾਸਤੇ ਅਨੇਕ ਪ੍ਰਕਾਰ ਦੇ ਸੰਘਰਸ਼ ਕਰਦੇ ਹਨ। ਇਹੀ ਕਾਰਨ ਹੈ ਕਿ ਆਧੁਨਿਕ ਮਨੁੱਖੀ ਸਮਾਜ ਵਿੱਚ ਹਮੇਸ਼ਾ ਕਿਸੇ ਨਾ ਕਿਸੇ ਤਰ੍ਹਾਂ ਦੀ ਅਸ਼ਾਂਤੀ ਬਣੀ ਰਹਿੰਦੀ ਹੈ। ਗੀਤਾ ਦਾ ਨਿਸ਼ਕਾਮ ਕਰਮਯੋਗ ਇਹ ਨਹੀਂ ਕਹਿੰਦਾ ਕਿ ਮਨੁੱਖੀ ਕਰਮ ਦਾ ਫਲ ਨਹੀਂ ਹੁੰਦਾ। ਇਹ ਤਾਂ ਇਹ ਕਹਿੰਦਾ ਹੈ ਕਿ ਮਨੁੱਖ ਕਰਮ ਕਰੇ, ਪਰ ਉਸ ਦੇ ਫਲ ਦੀ ਆਸ ਨਾ ਰੱਖੇ, ਕਿਉਂਕਿ ਆਸਾ ਲੋਭ ਤੇ ਮੋਹ ਦਾ ਰੂਪ ਧਾਰਨ ਕਰਕੇ ਮਨੁੱਖ ਦੇ ਚਿੱਤ ਵਿੱਚ ਅਸ਼ਾਂਤੀ ਪੈਦਾ ਕਰਦੀ ਹੈ ਅਤੇ ਅਸ਼ਾਂਤ ਚਿੱਤ ਵਾਲਾ ਵਿਅਕਤੀ ਕਦੇ ਵੀ ਸੱਚੇ ਸੁਖ ਦੀ ਅਨੁਭੂਤੀ ਪ੍ਰਾਪਤ ਨਹੀਂ ਕਰ ਸਕਦਾ। ਭਾਰਤੀ ਪਰੰਪਰਾ ਪਦਾਰਥਾਂ ਦੇ ਸੰਗ੍ਰਹਿ ਨਾਲੋਂ ਉਹਨਾਂ ਦੇ ਤਿਆਗ ਦੀ ਭਾਵਨਾ ਤੇ ਜਿਆਦਾ ਜੋਰ ਦਿੰਦੀ ਹੈ। ਗੀਤਾ ਦਾ ਕਰਮਯੋਗ ਇੱਕ ਪਾਸੇ ਤਾਂ ਸਾਨੂੰ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਦੂਜੇ ਪਾਸੇ ਉਸ ਦੇ ਫਲ ਵਿੱਚ ਮਾਨਸਿਕ ਤਿਆਗ ਦੀ ਭਾਵਨਾ ਰੱਖਣ ਦਾ ਉਪਦੇਸ਼ ਦਿੰਦਾ ਹੈ। ਜੋ ਵਿਅਕਤੀ ਇਹ ਉਪਦੇਸ਼ ਗ੍ਰਹਿਣ ਕਰ ਲਵੇ ਤਾਂ ਸੁੱਖ-ਦੁੱਖ ਮਾਨ-ਅਪਮਾਨ ਲਾਭ-ਹਾਨੀ ਆਦਿ ਵਿੱਚ ਉਸ ਦਾ ਚਿੱਤ ਹਮੇਸਾਂ ਸਾਂਤ ਰਹੇਗਾ ਅਤੇ ਆਪਣੇ ਅੰਦਰ ਉਹ ਸਮਤਾ ਦੀ ਭਾਵਨਾ ਦਾ ਅਨੁਭਵ ਕਰੇਗਾ। ਇਸ ਸਮਤਾ ਦੀ ਭਾਵਨਾ ਨੂੰ ਹੀ ਗੀਤਾ ਵਿੱਚ ਯੋਗ ਕਿਹਾ ਗਿਆ ਹੈ। ਇਸੇ ਤਰ੍ਹਾਂ ਗੀਤਾ ਦੇ ਛੇਵੇਂ ਅਧਿਆਇ ਵਿੱਚ ਯੋਗ ਬਾਰੇ ਵੀ ਦੱਸਿਆ ਗਿਆ ਹੈ। ਇਸ ਅਧਿਆਇ ਦਾ ਨਾਮ 'ਆਤਮਸੰਜਮਯੋਗ ਕਿਹਾ ਹੈ ਅਤੇ ਯੋਗ-ਸਾਧਨਾਂ ਦਾ ਤਰੀਕਾ ਇੱਥੇ ਦੱਸਿਆ ਗਿਆ ਹੈ। ਇਸ ਯੋਗ-ਸਾਧਨਾ ਦੇ ਅਨੁਸਾਰ ਚਿੱਤ ਨੂੰ ਏਕਾਗਰ ਕਰਨ ਦੀ ਸਾਧਨਾ ਕੀਤੀ ਜਾਂਦੀ ਹੈ। ਇਸ ਸਾਧਨਾ ਬਾਰੇ ਇੱਥੇ ਕਿਹਾ ਹੈ, ਕਿ ਸਾਧਕ ਯੋਗੀ ਏਕਾਂਤ ਵਿੱਚ ਕੋਈ ਅਜਿਹੀ ਜਗ੍ਹਾ ਲੱਭ ਜੋ ਸ਼ੁੱਧ, ਪਵਿੱਤਰ ਅਤੇ ਸਮਤਲ ਹੋਵੇ। ਅਜਿਹੇ ਸਥਾਨ ਤੇ ਯੋਗੀ ਭਾਸ਼ਾ ਦਾ ਆਸਨ, ਮ੍ਰਿਗਛਾਲਾ ਅਤੇ ਉਸ ਤੇ ਸਾਫ਼ ਕੱਪੜਾ ਵਿਛਾ ਕੇ ਮਨ ਨੂੰ ਏਕਾਗਰ ਕਰਨ ਦਾ ਯਤਨ ਕਰੋ। ਜੇ ਉਸ ਦਾ ਮਨ ਇੱਧਰ ਉੱਧਰ ਜਾਵੇ ਤਾਂ ਉਸ ਨੂੰ ਉੱਥੋਂ ਹਟਾ ਕੇ ਆਤਮਾ ਵਿੱਚ ਲਾਉਣ ਦਾ ਅਭਿਆਸ ਕਰੋ। ਯੋਗੀ ਵਾਸਤੇ ਯੁਕਤ ਆਹਾਰ-ਵਿਹਾਰ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਸਾਧਨਾ ਨਾਲ ਮਨ ਦੀ ਚੰਚਲਤਾ ਹੌਲੀ-ਹੌਲੀ ਸਮਾਪਤ ਹੋ ਜਾਂਦੀ ਹੈ ਅਤੇ ਨਿਸ਼ਚਲ ਦਿੱਤ ਜਾ ਮਨ ਵਿੱਚ ਆਤਮ-ਜੋਤੀ ਦਾ ਆਭਾਸ ਹੋਣ ਲੱਗਦਾ ਹੈ।

(i) ਕਿਹੜੀ ਭਾਵਨਾ ਨੂੰ ਹੀ ਗੀਤਾ ਵਿੱਚ ਯੋਗ ਕਿਹਾ ਗਿਆ ਹੈ?

(ii) ਭਗਵਤ ਗੀਤਾ ਅਨੁਸਾਰ ਗਿਆਨੀ ਵਿਆਕਤੀ ਕਿਹੜਾ ਹੈ?

(iii) ਭਗਵਤ ਗੀਤਾ ਦੇ ਕਿਹੜੇ ਅਧਿਆਇ ਦਾ ਨਾਮ 'ਆਤਮਸੰਜਮਯੋਗ' ਹੈ?

(iv) ਕਰਮਯੋਗ ਦਾ ਸਿਧਾਂਤ ਸ੍ਰੀ ਤਗਵਤ ਗੀਤਾ ਦੇ ਕਿਹੜੇ ਕਿਹੜੇ ਅਧਿਆਇ ਵਿੱਚ ਮਿਲਦਾ ਹੈ?

(v) ਕਿਹੜਾ ਵਿਅਕਤੀ ਕਦੇ ਵੀ ਸੱਚੇ ਸੁੱਖ ਦੀ ਅਨੁਭੂਤੀ ਪ੍ਰਾਪਤ ਨਹੀਂ ਕਰ ਸਕਦਾ ?

**(B) ਇਸ ਪੈਰੇ ਨੂੰ ਪੜ੍ਹੋ ਤੇ ਹੇਠ ਦਿੱਤੇ ਗਏ ਪ੍ਰਸ਼ਨਾਂ ਦਾ ਉੱਤਰ ਦਿਓ :-** **1x5=5 ਅੰਕ**

ਤਰਕਵਾਦ ਇਕ ਦਾਰਸ਼ਨਿਕ ਸਿਧਾਂਤ ਹੈ ਜਿਸ ਅਨੁਸਾਰ ਜੀਵਨ ਬ੍ਰਹਿਮੰਡ ਅਤੇ ਬ੍ਰਹਮ ਨੂੰ ਤਰਕ ਰਾਹੀਂ ਸਿੱਧ ਕੀਤਾ ਜਾ ਸਕਦਾ ਹੈ। ਇਹ ਜਰੂਰੀ ਨਹੀ ਕਿ ਇਹ ਵਿਚਾਰ ਵਿਗਿਆਨਕ ਢੰਗ ਜਾਂ ਪ੍ਰਯੋਗਾਂ ਰਾਹੀਂ ਸਿੱਧ ਕੀਤਾ ਜਾਵੇ ਪਰੰਤੂ ਟਾਮਸ ਐਕੁਨਾ (Thomas Acquinas) ਅਨੁਸਾਰ ਆਪਣੇ ਅਨੁਭਵ ਦੁਆਰਾ ਹੀ ਇਹ ਤਰਕ ਕਾਇਮ ਕੀਤਾ ਜਾ ਸਕਦਾ ਹੈ। ਮੱਧਕਾਲੀ ਯੂਰਪ ਵਿੱਚ ਰੋਮਨ ਕੈਥੋਲਿਕ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਲਈ ਅਜਿਹਾ ਤਰਕ ਵਰਤਦੇ ਸਨ।

ਪਰਮਾਤਮਾ ਹਰੇਕ ਪਰਿਭਾਸ਼ਾ ਅਨੁਸਾਰ ਦਿਆਲੂ, ਗੁਣਵਾਨ, ਚੰਗਾ, ਸਰਬ-ਗਿਆਨੀ ਅਤੇ ਸਰਬ-ਸ਼ਕਤੀਮਾਨ ਹੈ। ਇਸ ਦੇ ਨਾਲ ਨਾਲ ਬੁਰਾਈ ਵੀ ਕਾਇਮ ਹੈ ਕਿਉਂ ਜੋ ਬੁਰਾਈ ਦੀ ਹੋਂਦ ਨਾ ਹੋਵੇ ਤਾਂ ਪਰਮਾਤਮਾ ਦੀ ਕੋਈ ਲੋੜ ਨਹੀਂ ਹੈ। ਇਸ ਵਿਚਾਰਧਾਰਾ ਅਨੁਸਾਰ ਤਰਕ ਵੀ ਇੱਕ ਰੱਬੀ ਦਾਤ ਹੈ, ਜਿਸ ਦੁਆਰਾ ਰੱਬ ਦੀ ਹੋਂਦ ਦੇ ਪ੍ਰਮਾਣ ਸਥਾਪਤ ਕੀਤੇ ਜਾ ਸਕਦੇ ਹਨ। ਇਸ ਵਿਚਾਰ ਦਾ ਬਹੁਤਾ ਪ੍ਰਭਾਵ ਨਹੀਂ ਪੈ ਸਕਿਆ, ਕਿਉਂਕਿ ਇੱਕ ਤਾਂ ਮਨੁੱਖੀ ਅਨੁਭਵ ਵਿੱਚ ਧਰਮ ਅਤੇ ਪਰਮਾਤਮਾ ਵਿੱਚ ਪੂਰਣ ਵਿਸਵਾਸ ਹੀ ਪਰਮਾਤਮਾ ਦੀ ਪ੍ਰਾਪਤੀ ਲਈ ਹੁਣ ਤੱਕ ਸਹਾਈ ਹੋਇਆ ਹੈ ਅਤੇ ਦੂਜੇ ਵਿਗਿਆਨਕ ਢੰਗ ਕੇਵਲ ਦਿਖਾਈ ਦਿੰਦੇ ਬ੍ਰਹਿਮੰਡ ਬਾਰੇ ਵਰਤੇ ਗਏ ਹਨ ਅਤੇ ਪਰਮਾਤਮਾ ਬਾਰੇ ਇਨ੍ਹਾਂ ਦੇ ਕੋਈ ਤਰਕ ਸਥਾਪਤ ਨਹੀਂ ਕੀਤੇ। ਦੂਜੇ ਅਰਥਾਂ ਵਿੱਚ ਤਰਕਵਾਦ ਯੂਰਪ ਵਿੱਚ ਉਨੀਵੀਂ ਸਦੀ ਦੀਆਂ ਧਾਰਵਾਂ ਨਾਲ ਸੰਬੰਧਿਤ ਹੈ। ਇਹ ਤਰਕਵਾਦੀ ਲਹਿਰ ਚਰਚ ਵੱਲੋਂ ਨਾਸਤਿਕਤਾ, ਸੁਤੰਤਰ ਵਿਚਾਰ ਅਤੇ ਪ੍ਰਤੱਖਵਾਦੀ ਵਿਚਾਰਾ ਉੱਤੇ ਕਈ ਪ੍ਰਕਾਰ ਦੇ ਪ੍ਰਤਿਬੰਧ ਲਗਾਉਣ ਦੇ ਸਿੱਟੇ ਵਜੋਂ ਉਪਜੀ। ਇਹ ਵਿਚਾਰਧਾਰਾ ਧਾਰਮਿਕ ਬੰਧੇਜਾ ਵਿਰੁੱਧ ਸੀ। ਸੁਤੰਤਰ ਵਿਚਾਰਾਂ ਦੀ ਧਾਰਣੀ ਸੀ ਅਤੇ ਨਾਲ ਨਾਲ ਨਾਸਤਿਕਤਾ ਦੀ ਵੀ ਹਾਮੀ ਸੀ। ਇਹ ਲਹਿਰ ਬਹੁਤੀ ਦੇਰ ਤੱਕ ਕਾਇਮ ਨਹੀਂ ਰਹਿ ਸਕੀ ਕਿਉਂਕਿ ਚਰਚ ਵੱਲੋਂ ਲਗਾਏ ਗਏ ਬੰਧਨ ਚਿਰ-ਸਥਾਈ ਨਾ ਰਹਿ ਸਕੇ ਅਤੇ ਵਿਗਿਆਨਕ ਵਿਕਾਸ ਨਾਲ ਧਾਰਮਿਕ ਤਰਕ ਦਾ ਬਹੁਤ ਮਹੱਤਵ ਨਾ ਰਿਹਾ।

(i) ਧਾਰਮਿਕ ਤਰਕ ਦਾ ਬਹੁਤ ਮਹੱਤਵ ਕਿਉਂ ਨਾ ਰਹਿ ਸਕਿਆ?

(ii) ਤਰਕਵਾਦੀ ਲਹਿਰ ਕਿਉਂ ਉਪਜੀ ਸੀ ?

(iii) ਤਰਕਵਾਦ ਕਿਹੜਾ ਸਿਧਾਂਤ ਹੈ?

(iv)ਤਰਕਵਾਦ ਯੂਰਪ ਵਿੱਚ ਕਿਹੜੀ ਸਦੀ ਦੀਆਂ ਧਾਰਵਾਂ ਨਾਲ ਸੰਬੰਧਿਤ ਹੈ ?

(v) ਇਸ ਵਿਚਾਰਧਾਰਾ ਅਨੁਸਾਰ ਤਰਕ ਵੀ ਇੱਕ ਰੱਬੀ ਦਾਤ ਹੈ। (ਸਹੀ/ਗ਼ਲਤ)

**ਭਾਗ (ਸ)** **4x 5 = 20**

ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦਾ ਉੱਤਰ ਦਿਓ।ਹਰੇਕ ਪ੍ਰਸ਼ਨ ਦਾ ਉੱਤਰ 30 40 ਸ਼ਬਦਾਂ ਵਿੱਚ ਦਿਓ।

(i) ਆਦਰਸ਼ਵਾਦ ਤੇ ਨੋਟ ਲਿਖੋ।

(ii) ਤਰਕਵਾਦ ਕੀ ਹੈ ?

(iii) Correspondence ਸਿਧਾਂਤ 'ਤੇ ਨੋਟ ਲਿਖੋ ।

(iv) ਵਿਗਿਆਨਕ ਵਿਧੀ ਕੀ ਹੁੰਦੀ ਹੈ?

(v) ਵਿਆਖਿਆ ਦਾ ਕੀ ਅਰਥ ਹੈ ?

(vi)ਭਾਰਤੀ ਦਰਸ਼ਨ ਦੀਆਂ ਚਾਰ ਵਿਸ਼ੇਸ਼ਤਾਵਾਂ ਦੱਸੋ ?

(vii) ਪਰਿਕਲਪਨਾ ਦੀ ਵਰਤੋਂ ਤੇ ਨੋਟ ਲਿਖੋ।

(viii) ਲੰਗਰ ਪ੍ਰਥਾ 'ਤੇ ਨੋਟ ਲਿਖੋ।

ਭਾਗ -(ਹ) 5x 5 = 25

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 125 150 ਸ਼ਬਦਾਂ ਵਿੱਚ ਦਿਓ।**

(i) Subjective Idealism 'ਤੇ ਨੋਟ ਲਿਖੋ।

ਜਾਂ

ਪਦਾਰਥਵਾਦ ਦੀਆਂ ਵਿਸ਼ੇਸ਼ਤਾਵਾਂ ਦੱਸੋ ।

(ii) ਗਿਆਨ ਦੇ ਸੋਮਿਆਂ ਦੀ ਚਰਚਾ ਕਰੋ।

ਜਾਂ

ਸੱਚ ਦੇ ਕਿਸੇ ਇੱਕ ਸਿਧਾਂਤ ਦਾ ਵਰਣਨ ਕਰੋ।

(iii) ਵਿਗਿਆਨਕ ਵਿਧੀ ਤੇ ਗੈਰ ਵਿਗਿਆਨਿਕ ਵਿਧੀ ਵਿੱਚ ਅੰਤਰ ਦੱਸੋ?

ਜਾਂ

ਵਿਗਿਆਨ ਵਿਧੀ ਦੇ ਮੁੱਖ ਪੜਾਅ ਦੱਸੋ ?

(iv) ਵਿਗਿਆਨਿਕ ਵਿਧੀ ਵਿੱਚ ਪਰਿਕਲਪਨਾ ਦਾ ਸਥਾਨ ਨਿਰਧਾਰਿਤ ਕਰੋ।

ਜਾਂ

ਪਰਿਕਲਪਨਾ ਨਿਰਮਾਣ ਤੇ ਨੋਟ ਲਿਖੋ।

(v) ਸੰਗਤ ਤੇ ਪੰਗਤ ਤੇ ਨੋਟ ਲਿਖੋ ।

ਜਾਂ

ਸਰਬੱਤ ਦਾ ਭਲਾ ਸੰਕਲਪ ਦੀ ਵਿਆਖਿਆ ਕਰੋ।